**ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਫਾਰ ਸਟੂਡੈਂਟਸ ਬਿਲੋਂਗਿੰਗ ਟੂ ਮਨਿਓਰਿਟੀ ਕਮਿਊਨਿਟੀਜ਼ (100% CSS):-**

ਇਹ ਸਕੀਮ ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼, ਭਾਰਤ ਸਰਕਾਰ ਵੱਲੋਂ 1-4-2008 ਤੋਂ ਸ਼ੁਰੂ ਕੀਤੀ ਗਈ ਸੀ। ਇਹ ਸਕੀਮ 1-4-2014 ਤੋਂ ਭਾਰਤ ਸਰਕਾਰ ਵੱਲੋਂ 100% ਕਰ ਦਿੱਤੀ ਗਈ ਹੈ।

ਇਸ ਸਕੀਮ ਦਾ ਮੁੱਖ ਮਕਸਦ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਈਸਾਈ, ਬੋਧੀ, ਜੈਨ ਅਤੇ ਜੈਨ ਅਤੇ ਪਾਰਸੀ) ਦੇ ਗਰੀਬ ਬੱਚਿਆਂ ਨੂੰ ਪ੍ਰੀ-ਮੈਟ੍ਰਿਕ ਲੇਵਲ ਤੇ ਸਕਾਲਰਸ਼ਿਪ ਦੇ ਕੇ ਉਨ੍ਹਾਂ ਦਾ ਡਰਾਪਓਟ ਰੇਟ ਘਟਾਉਣਾ, ਗਰੀਬ ਪਰਿਵਾਰਾਂ ਦਾ ਵਿੱਤੀ ਬੋਝ ਘਟਾਉਣਾ ਤੇ ਮਾਪਿਆਂ ਨੂੰ ਬੱਚਿਆਂ ਨੂੰ ਪੜ੍ਹਾਉਣ ਲਈ ਉਤਸ਼ਾਹਿਤ ਕਰਨਾ ਹੈ।

**ਵਜ਼ੀਫੇ ਦੀਆਂ ਸ਼ਰਤਾਂ**

ਸਕਾਲਰਸ਼ਿਪ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਦੇ ਪਹਿਲੀ ਤੋਂ ਦਸਵੀਂ ਕਲਾਸ ਦੇ ਬੱਚਿਆਂ ਨੂੰ ਦਿੱਤਾ ਜਾਂਦਾ ਹੈ। ਸਕਾਲਰਸ਼ਿਪ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਪਿਛਲੇ ਸਾਲ ਦੇ ਇਮਤਿਹਾਨ ਵਿੱਚ 50% ਤੋਂ ਘੱਟ ਨੰਬਰ ਨਾ ਹੋਣ ਤੇ ਉਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਇੱਕ ਲੱਖ ਤੋਂ ਵੱਧ ਨਾ ਹੋਵੇ। ਪਰਿਵਾਰ ਦੇ ਦੋ ਬੱਚਿਆਂ ਤੱਕ ਲਾਭ ਦਿੱਤਾ ਜਾਂਦਾ ਹੈ। ਮਾਪੇ / ਬੱਚਾ ਪੰਜਾਬ ਦਾ ਵਸਨੀਕ ਹੋਵੇ ਤੇ ਵਿੱਦਿਅਕ ਸੰਸਥਾ ਵਿੱਚ ਰੈਗੂਲਰ ਪੜ੍ਹਦਾ ਹੋਵੇ। ਇਸ ਸਕੀਮ ਤਹਿਤ ਇੱਕ ਪਰਿਵਾਰ ਦੇ ਦੋ ਬੱਚਿਆਂ ਤੱਕ ਲਾਭ ਦਿੱਤਾ ਜਾਂਦਾ ਹੈ

**ਸਕਾਲਰਸ਼ਿਪ ਦੀ ਦਰ**

| ਲੜੀ ਨੰ: | ਆਈਟਮ | ਹੋਸਟਲਰ | ਡੇਅ-ਸਕਾਲਰ |
|---|---|---|---|
| 1 | ਦਾਖਲਾ ਫੀਸ 6ਵੀਂ ਤੋਂ 10ਵੀਂ ਕਲਾਸ | ਵਾਸਤਵਿਕਤਾ ਤੇ ਆਧਾਰ 500/- ਰੁਪਏ ਪ੍ਰਤੀ ਸਾਲ | ਵਾਸਤਵਿਕਤਾ ਤੇ ਆਧਾਰ 500/- ਰੁਪਏ ਪ੍ਰਤੀ ਸਾਲ |
| 2 | ਕਲਾਸ 6ਵੀਂ ਤੋਂ 10ਵੀਂ ਲਈ ਟਿਊਸ਼ਨ ਫੀਸ | ਵਾਸਤਵਿਕਤਾ ਤੇ ਆਧਾਰ 350/- ਰੁਪਏ ਪ੍ਰਤੀ ਸਾਲ | ਵਾਸਤਵਿਕਤਾ ਤੇ ਆਧਾਰ 350/- ਰੁਪਏ ਪ੍ਰਤੀ ਸਾਲ |
| 3 | ਮੈਨਟੀਨੈਂਸ ਭੱਤਾ ਇੱਕ ਵਿਦਿਅਕ ਸਾਲ ਵਿੱਚ 10 ਮਹੀਨਿਆਂ ਤੋਂ ਵੱਧ ਲਈ ਨਹੀਂ ਦਿੱਤਾ ਜਾਵੇਗਾ | | |
| | (i) ਕਲਾਸ 1 ਤੋਂ 5ਵੀਂ | ਨਿੱਲ | 100/- ਰੁਪਏ ਪ੍ਰਤੀ ਮਹੀਨਾ |
| | (i) ਕਲਾਸ 6ਵੀਂ ਤੋਂ 10ਵੀਂ | 600/- ਰੁਪਏ ਪ੍ਰਤੀ ਮਹੀਨਾ | 100/- ਰੁਪਏ ਪ੍ਰਤੀ ਮਹੀਨਾ |

**ਅਪਲਾਈ ਕਰਨ ਦੀ ਵਿਧੀ**

ਇਸ ਸਕੀਮ ਤਹਿਤ ਵਿਦਿਆਰਥੀ ਆਪਣੇ ਸਕੂਲ ਦੇ ਮੁੱਖੀ ਰਾਹੀਂ ਆਪਣੇ ਵਜ਼ੀਫੇ ਦੇ ਫਾਰਮ ਭਰਕੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਦਿੰਦਾ ਹੈ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸਾਰੇ ਜ਼ਿਲ੍ਹੇ ਦੀ ਇੱਕਠੀ ਡੀਮਾਂਡ ਤਿਆਰ ਕਰਕੇ ਭਲਾਈ ਵਿਭਾਗ, ਚੰਡੀਗੜ੍ਹ ਨੂੰ ਪ੍ਰਵਾਨਗੀ ਲਈ ਭੇਜਦਾ ਹੈ।